SAGACITY: A Multidisciplinary Research Journal ISSN 2583-7540 Aug. to Dec. 2023 Vol. 2, No. 2

# ਪਰਿਵਾਰ ਦੀ ਸਭ ਤੋਂ ਮਹੱਤਵਪੂਰਨ ਕੜੀ . . . ਮਾਂ

ਡਾ. ਕਿਰਨ,
ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ ਫ਼ਾਰ ਵਿਮਨ,
ਅੰਮ੍ਰਿਤਸਰ।

ਪਰਮਾਤਮਾ ਨੇ ਇਨਸਾਨ ਨੂੰ ਦੁਨੀਆਦਾਰੀ ਵਿੱਚ ਵਿਚਰਨ ਲਈ ਅਨੇਕਾਂ ਰਿਸ਼ਤਿਆਂ ਨਾਲ ਜੋੜਿਆ ਹੈ ਜਿਵੇਂ ਭੈਣ-ਭਰਾ, ਦਾਦਾ-ਦਾਦੀ, ਨਾਨਾ-ਨਾਨੀ, ਮਾਮਾ, ਭੂਆ, ਮਾਸੀ ਆਦਿ ਇਨ੍ਹਾਂ ਸਾਰੇ ਰਿਸ਼ਤਿਆਂ 'ਚ ਸਭ ਤੋਂ ਸੱਚਾ-ਸੁੱਚਾ ਤੇ ਪਵਿੱਤਰ ਰਿਸ਼ਤਾ ਹੈ ਮਾਂ ਦਾ ਰਿਸ਼ਤਾ।

ਪਰਮਾਤਮਾ ਵੱਲੋਂ ਵੀ ਮਾਂ ਦੇ ਰਿਸ਼ਤੇ ਨੂੰ ਇਨ੍ਹਾਂ ਉੱਚਾ ਦਰਜਾ ਦਿੱਤਾ ਗਿਆ ਹੈ ਕਿ ਪਰਮਾਤਮਾ ਦੇ ਖ਼ੁਦ ਦੇ ਨਾਂ ਮਗਰ ਵੀ ਮਾਂ ਸ਼ਬਦ ਲੱਗਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਾਂ ਬੱਚੇ ਲਈ ਰੱਬ ਵੱਲੋਂ ਦਿੱਤੀ ਗਈ ਕਿੰਨੀ ਮਹਾਨ ਸੌਗਾਤ ਹੈ। ਮਾਂ ਰੱਬ ਦਾ ਦੂਜਾ ਨਾਂ ਹੈ। ਮਾਂ ਦੇ ਪਿਆਰ ਵਿੱਚ ਏਨੀ ਤਾਕਤ ਹੈ ਕਿ ਬੱਚਾ ਸਭ ਤੋਂ ਪਹਿਲਾਂ "ਮਾਂ" ਕਹਿਣਾ ਹੀ ਸਿੱਖਦਾ ਹੈ।

ਮਾਂ ਦੇ ਸਾਡੇ ਸਿਰ ਅਨੇਕਾਂ ਕਰਜ਼ੇ ਅਤੇ ਅਹਿਸਾਨ ਹਨ। ਜਿਨ੍ਹਾਂ ਨੂੰ ਅਸੀਂ ਕਦੇ ਵੀ ਉਤਾਰ ਨਹੀਂ ਸਕਦੇ। ਮਾਂ ਦਾ ਦਿਲ ਕੋਮਲ ਹੁੰਦਾ ਹੈ। ਉਹ ਆਪਣੇ ਬੱਚੇ ਦੀ ਖ਼ੁਸ਼ੀ ਲਈ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਜੇ ਬੱਚੇ ਨੂੰ ਬੁਖ਼ਾਰ ਹੋ ਜਾਵੇ ਤਾਂ ਸਾਰੀ-ਸਾਰੀ ਰਾਤ ਜਾਗ ਕੇ ਮਾਂ ਉਹਦੇ ਮੱਥੇ 'ਤੇ ਠੰਢੀਆਂ ਪੱਟੀਆਂ ਧਰਦੀ ਰਹਿੰਦੀ ਹੈ। ਮਾਂ ਜਿੱਥੇ ਬੱਚੇ ਦਾ ਦੁੱਖ ਨਹੀਂ ਸਹਾਰ ਸਕਦੀ, ਉੱਥੇ ਹੀ ਜਦ ਦੇਸ਼ ਤੇ ਕੌਮ 'ਤੇ ਭੀੜ ਪੈਂਦੀ ਹੈ ਤਾਂ ਉਹ ਦਿਲ ਇੰਨਾ ਪੱਕਾ ਕਰ ਲੈਂਦੀ ਹੈ ਕਿ ਆਪਣੇ ਬੱਚਿਆਂ ਨੂੰ ਦੁਸ਼ਮਣ ਨਾਲ ਲੋਹਾ ਲੈਣ ਲਈ ਖ਼ੁਦ ਭੇਜਦੀ ਹੈ। ਮਾਂ ਬੱਚੇ ਲਈ ਜਾਨ ਨਿਛਾਵਰ ਕਰਨੋਂ ਵੀ ਪਿੱਛੇ ਨਹੀਂ ਹਟਦੀ। ਉਹ ਆਪਣੇ ਬੱਚੇ ਨੂੰ ਦੇਖ-ਦੇਖ ਜਿਊਂਦੀ ਹੈ।

ਮਾਂ ਬਿਨ੍ਹਾਂ ਸਭ ਵਿਅਰਥ ਹੈ। ਉਸਦਾ ਪਿਆਰ ਅਜਿਹਾ ਖ਼ਜ਼ਾਨਾ ਹੈ ਜਿਸਨੂੰ ਸਾਂਭਣ ਦੀ ਲੋੜ ਹੈ। ਜੇ ਇਹ ਖ਼ਜ਼ਾਨਾ ਖੁੱਸ ਜਾਵੇ ਤਾਂ ਪਛਤਾਵੇ ਤੋਂ ਬਿਨ੍ਹਾਂ ਹੋਰ ਕੁਝ ਪੱਲੇ ਨਹੀਂ ਪੈਂਦਾ। ਮਾਂ ਅਨਮੁੱਲੀ ਦਾਤ ਹੈ, ਜੋ ਕਿਤਿਓਂ ਵੀ ਲੱਭਿਆ ਨਹੀਂ ਲੱਭਦੀ।

ਮਾਂ ਉਹ ਬੈਂਕ ਹੈ ਜਿੱਥੇ ਅਸੀਂ ਆਪਣੀਆਂ ਸਾਰੀਆਂ ਦੁੱਖ-ਤਕਲੀਫ਼ਾਂ ਨੂੰ ਜਮ੍ਹਾਂ ਕਰਵਾਉਂਦੇ ਹਾਂ। ਮਾਂ ਤਾਂ ਰੱਬ ਦਾ ਦੂਜਾ ਰੂਪ ਹੈ। ਸਾਡੀ ਮਾਂ ਸਦਕਾ ਹੀ ਅਸੀਂ ਇਸ ਦੁਨੀਆਂ ਵਿੱਚ ਆਏ ਹਾਂ।

ਸਾਡੇ ਜੀਵਨ ਦੇ ਹਰ ਨਾਜ਼ੁਕ ਮੋੜ ਤੇ ਮਾਂ ਸਾਡੇ ਨਾਲ ਰਹੀ ਹੈ। ਮਾਂ ਭਾਵੇਂ ਆਪ ਭੁੱਖੀ ਰਹਿ ਲਵੇ ਉਹ ਆਪਣੇ ਬੱਚਿਆਂ ਨੂੰ ਕਦੇ ਭੁੱਖਾ ਨਹੀਂ ਵੇਖ ਸਕਦੀ।

ਆਪਣੇ ਘਰ-ਪਰਿਵਾਰ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਉਹ ਆਪਣੀਆਂ ਇੱਛਾਵਾਂ ਖ਼ਤਮ ਕਰ ਦਿੰਦੀ ਹੈ। ਜਦੋਂ ਮਾਂ ਘਰ ਹੁੰਦੀ ਹੈ ਤਾਂ ਇੰਝ ਲੱਗਦਾ ਹੈ ਜਿਵੇਂ ਸਾਰਾ ਘਰ ਇਕ ਅਨੁਸ਼ਾਸਨ ਵਿੱਚ ਹੁੰਦਾ ਹੈ, ਮਾਂ ਦੇ ਘਰ ਰਹਿੰਦਿਆਂ ਘਰ ਸਵਰਗ ਪ੍ਰਤੀਤ ਹੁੰਦਾ ਹੈ। ਭਾਰੀ ਮੁਸ਼ਕਿਲਾਂ ਦੇ ਆਉਣ 'ਤੇ ਵੀ ਮਾਂ ਹੀ ਹੱਲ ਲੱਭਦੀ ਹੈ ਤੇ ਸਾਰਿਆਂ ਨੂੰ ਹੌਂਸਲਾ ਦਿੰਦੀ ਹੈ।

ਸਾਨੂੰ ਆਪਣੀ ਮਾਂ ਦੇ ਹਰ ਹੁਕਮ ਨੂੰ ਖਿੜੇ-ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਮਾਂ ਨੂੰ ਹਰ ਖ਼ੁਸ਼ੀ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸੌ-ਸੌ ਰੁੱਖ ਲਾਈਏ
ਰੁੱਖ ਤਾਂ ਹਰੇ-ਭਰੇ
ਮਾਵਾਂ ਠੰਡੀਆਂ ਛਾਵਾਂ
ਛਾਵਾਂ ਕੌਣ ਕਰੇ।

ਮਹਾਨ ਕਵੀ ਰਵਿੰਦਰ ਨਾਥ ਟੈਗੋਰ ਨੇ ਕਿਹਾ ਸੀ ਕਿ ਇਹ ਝੂਠ ਹੈ ਕਿ ਰੱਬ ਹਰ ਜਗ੍ਹਾ ਹੈ। ਪਰ ਉਸਨੇ ਇਹ ਕਮੀ ਪੂਰੀ ਕਰਨ ਲਈ ਮਾਂ ਨੂੰ ਧਰਤੀ 'ਤੇ ਭੇਜ ਦਿੱਤਾ। ਸਾਰੇ ਧਰਮਾਂ ਵਿੱਚ ਮਾਂ ਦੀ ਮਹਾਨਤਾ ਦਾ ਗੁਣਗਾਨ ਕੀਤਾ ਗਿਆ ਹੈ।

ਇਕ ਮਾਂ ਦਾ ਬੱਚੇ ਦੇ ਚਰਿੱਤਰ ਵਿਕਾਸ ਵਿੱਚ ਵੱਡਾ ਹੱਥ ਹੁੰਦਾ ਹੈ। ਬਾਬਾ ਫ਼ਰੀਦ ਨੂੰ ਰੱਬ ਦੇ ਰਾਹ ਲਗਾਉਣ ਵਾਲੀ ਉਨ੍ਹਾਂ ਦੀ ਮਾਂ ਹੀ ਸੀ। ਮਾਂ ਦਾ ਜ਼ਜਬਾ ਆਦਮ ਜਾਤ ਤੇ ਜਾਨਵਰਾਂ ਵਿੱਚ ਇਕੋ ਜਿਹਾ ਹੈ। ਘੁੱਗੀ ਇੱਕ ਡਰਪੋਕ ਜਿਹਾ ਪੰਛੀ ਹੈ ਪਰ ਜੇਕਰ ਉਸਦੇ ਬੱਚੇ ’ਤੇ ਕੋਈ ਸੰਕਟ ਆਉਂਦਾ ਹੈ ਤਾਂ ਉਹ ਮੌਤ ਨਾਲ ਵੀ ਟਕਰਾ ਜਾਂਦੀ ਹੈ।

ਮਾਂ ਛਾਂ-ਜ਼ਿੰਦਗੀ ਦੇ ਨਿਕੜੇ ਜਿਹੇ ਦਿਲ ਵਿੱਚ
ਸੋਮਾਂ ਉਹ ਮੁਹੱਬਤ ਦਾ ਰੱਬ ਨੇ ਪਸਾਰਿਆ।
(ਬਾਬੂ ਫਿਰੋਜਦੀਨ ਸਰਫ)

ਮਾਂ ਧਰਤੀ ’ਤੇ ਵੱਡਾ ਸਾਰਾ ਰੱਬ ਹੈ। ਮਾਂ ਸ਼ਬਦ ਦਾ ਅਰਥ ਹੀ ਮਮਤਾ ਦੀ ਦੇਵੀ, ਪਿਆਰ ਨਾਲ ਭਰੀ ਹੋਈ ਮੂਰਤ ਹੈ। ਮਾਂ ਪਿਆਰ ਦਾ ਅਥਾਹ ਸਮੁੰਦਰ ਹੈ।

ਮਾਂ ਦਾ ਦਰਜਾ ਰੱਬ ਤੋਂ ਵੀ ਉੱਪਰ ਹੈ ਕਿਉਂਕਿ ਰੱਬ ਨੂੰ ਪਾਉਣ ਲਈ ਭਗਤੀ ਕਰਨੀ ਪੈਂਦੀ ਹੈ, ਤੱਪ ਕਰਨਾ ਪੈਂਦਾ ਹੈ ਪਰ ਮਾਂ ਤਾਂ ਜਨਮ ਸਮੇਂ ਤੋਂ ਹੀ ਸਾਡੇ ਨਾਲ ਹੁੰਦੀ ਹੈ। ਹਰ ਦੁੱਖ-ਸੁੱਖ ਵਿੱਚ ਹਮੇਸ਼ਾਂ ਸਾਥ ਦਿੰਦੀ ਹੈ। ਮਾਂ ਦਾ ਰਿਸ਼ਤਾ ਸਵਾਰਥ ਰਹਿਤ ਹੈ। ਮਾਂ ਆਪਣੇ ਧੀਆਂ-ਪੁੱਤਰਾਂ ਲਈ ਹਰ ਤਰ੍ਹਾਂ ਦਾ ਤਿਆਗ ਕੁਰਬਾਨੀ ਕਰਨ ਲਈ ਤਿਆਰ ਰਹਿੰਦੀ ਹੈ। ਆਪਣੀਆਂ ਲੋੜਾਂ ਭੁੱਲ ਕੇ ਸਿਰਫ਼ ਆਪਣੇ ਬੱਚਿਆਂ ਦੇ ਸੁਪਨੇ ਪੂਰੇ ਕਰਦੀ ਹੈ। ਆਪਣੇ ਬੱਚੇ ਨੂੰ ਸੁੱਕੀ ਥਾਂ ’ਤੇ ਪਾ ਕੇ ਆਪ ਗਿੱਲੀ ਥਾਂ ’ਤੇ ਸੌਣਾਂ ਅਤੇ ਆਪ ਭੁੱਖੇ ਰਹਿ ਕੇ ਆਪਣੇ ਬੱਚੇ ਦਾ ਪੇਟ ਭਰਨਾ, ਸਿਰਫ਼ ਇਹ ਸ਼ਕਤੀ ਮਾਂ ਵਿੱਚ ਹੀ ਹੁੰਦੀ ਹੈ। ਜਿਸ ਤਰ੍ਹਾਂ ਰੱਬ ਸਭ ਦਾ ਪਾਲਣ-ਪੋਸ਼ਣ ਕਰਦਾ ਹੈ, ਉਸੇ ਤਰ੍ਹਾਂ ਸਿਰਫ ਮਾਂ ਹੈ, ਜਿਸਨੂੰ ਇਹ ਫ਼ਿਕਰ ਹੁੰਦਾ ਹੈ ਕਿ ਉਸਦੇ ਬੱਚਿਆਂ ਦੀਆਂ ਕੀ ਲੋੜਾਂ ਹਨ ਅਤੇ ਉਸਨੇ ਕਿਸ ਤਰ੍ਹਾਂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਹਨ।

ਮਾਂ ਤੋਂ ਵੱਡਾ
ਮੈਨੂੰ ਤਾਂ ਰੱਬ ਵੀ ਨਹੀਂ ਦਿਖਿਆ
ਮਾਂ ਤੋਂ ਬਲਿਹਾਰੇ
ਜਿਸਨੇ ਸਿੰਜਿਆ, ਪਾਲਿਆ ਸੰਭਾਲਿਆ
ਮਾਂ ਕਦੇ ਨਹੀਂ ਥੱਕਦੀ
ਘਰ ਤੇ ਰਿਸ਼ਤੇ ਸਾਂਭਦੀ
ਮਾਂ ਧਰਤੀ ਤੇ ਵੱਡਾ ਸਾਰਾ ਰੱਬ ਹੈ

ਵੱਡੇ-ਵੱਡੇ ਗੁਰੂ ਪੀਰਾਂ ਤੇ ਸੰਤਾਂ ਦੀ ਮਹਾਨਤਾ ਦਾ ਰਾਜ “ਮਾਂ” ਹੈ। ਜਿਵੇਂ ਕਿ ਅਬਰਾਹਿਮ ਲਿੰਕਨ ਨੇ ਕਿਹਾ ਹੈ ਕਿ:

“ਮੈਂ ਅੱਜ ਜੋ ਕੁਝ ਹਾਂ, ਜਾਂ ਕੁਝ ਬਣ ਸਕਦਾ ਹਾਂ, ਇਹ ਮੇਰੀ ਮਾਂ ਦੇ ਪਿਆਰ ਦਾ ਨਤੀਜਾ ਹੈ।”

ਅੱਜ ਮਨੁੱਖ ਕੋਲ ਪੈਸਾ ਹੈ, ਸ਼ੌਹਰਤ ਹੈ ਤਾਂ ਕਈ ਬੇਲੋੜੀਂਦੇ ਰਿਸ਼ਤੇ ਵੀ ਬਣ ਜਾਂਦੇ ਹਨ, ਪਰ ਜਦੋਂ ਮਨੁੱਖ ਜੇਬ ਤੋਂ ਫ਼ਕੀਰ ਹੋ ਜਾਂਦਾ ਹੈ ਤਾਂ ਸਾਰੇ ਰਿਸ਼ਤੇ ਬਿਨ੍ਹਾਂ ਕਹੇ ਹੀ ਖ਼ਤਮ ਹੋ ਜਾਂਦੇ ਹਨ ਪਰ ਉਹ ਰਿਸ਼ਤਾ ਜੋ ਸਭ ਤੋਂ ਅਨਮੋਲ ਹੈ . . . ਅਨੋਖਾ ਹੈ . . . ਸਦੀਵੀ ਹੈ . . . ਖ਼ੂਨੀ ਹੈ . . . ਸੱਚਾ ਹੈ ਤੇ ਪਿਆਰ ਭਰਿਆ ਹੈ . . . ਉਹ ਰਿਸ਼ਤਾ ਹੈ “ਮਾਂ” ਦਾ।

ਜਦੋਂ ਮਨੁੱਖ ਸਾਰੀ ਦੁਨੀਆਂ ਵੱਲੋਂ ਦੁਰਕਾਰਿਆਂ ਜਾਂਦਾ ਹੈ ਤਾਂ ਮਾਂ ਹੀ ਉਸ ਵੇਲੇ ਉਸਨੂੰ ਸਹਾਰਾ ਤੇ ਹਿੰਮਤ ਦਿੰਦੀ ਹੈ। “ਮਾਂ” ਬੱਚੇ ਦੀ ਖ਼ੁਸ਼ੀ ਵਿੱਚ ਸਭ ਤੋਂ ਵਧੇਰੇ ਖ਼ੁਸ਼ੀ ਹੁੰਦੀ ਹੈ ਤੇ ਜਦੋਂ ਮਨੁੱਖ ਦੁੱਖਾਂ ਵਿੱਚ ਘਿਰ ਜਾਂਦਾ ਹੈ, ਉਸ ਉੱਤੇ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ ਤਾਂ ਉਸ ਵੇਲੇ ਰੱਬ ਦੇ ਨਾਂ ਤੋਂ ਵੀ ਪਹਿਲਾਂ ਮੂੰਹ ਵਿੱਚੋਂ ਨਿਕਲਦਾ ਹੈ ਨਾਂ “ਮਾਂ” ਦਾ। ਮਾਂ ਇਸ ਲਈ ਬਹੁਤ ਚੰਗੀ ਹੁੰਦੀ ਹੈ ਕਿਉਂਕਿ ਉਹ ਇਕ “ਮਾਂ” ਹੁੰਦੀ ਹੈ। ਉਸ ਵਿੱਚ “ਮਮਤਾ” ਹੁੰਦੀ ਹੈ।

ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ
ਮਾਵਾਂ ਦੇ ਹਰਜਾਨੇ, ਲੋਕ ਕੌਣ ਭਰੇ।

ਮਾਂ ਦਾ ਪਿਆਰ ਉਹ ਪਿਆਰ ਹੁੰਦਾ ਹੈ, ਜੋ ਕਦੇ ਵੀ ਕਿਸੇ ਨਾਲ ਵਟਾਇਆ ਨਹੀਂ ਜਾ ਸਕਦਾ। ਦੁਨੀਆਂ ਵਿੱਚ ਭੈਣ-ਭਰਾ ਤੇ ਹੋਰ ਕਈ ਦੁਨਿਆਵੀ ਰਿਸ਼ਤੇ ਤਾਂ ਮੁੜ ਸਦੀਵੇ ਹੋ ਸਕਦੇ ਹਨ ਪਰ ਮਾਂ ਦਾ ਅਨਮੋਲ ਰਿਸ਼ਤਾ ਦੁਬਾਰਾ ਨਹੀਂ ਮਿਲਦਾ।

ਇਹ ਜੀਵਨ ਨੂੰ ਰੌਸ਼ਨੀ ਦੇਣ ਵਾਲੀ ਜੋਤ, ਪ੍ਰੇਰਨਾ ਦਾ ਸ੍ਰੋਤ, ਇਹ ਦੁੱਖ-ਸੁੱਖ ਦਾ ਸਾਥ, ਇਹ ਖ਼ੁਸ਼ੀ-ਗ਼ਮੀ ਦੀ ਕਹਾਣੀ, ਇਹ ਸੱਚਾ ਤੇ ਰੱਬੀ ਇਸ਼ਕ, ਇਹ ਅਮਿਟ ਛਾਪ ਵਾਲਾ ਨਿਰਸਵਾਰਥ ਪਿਆਰ ਕਦੇ ਕਿਸੇ ਨਾਲ ਵਟਾਇਆ ਨਹੀਂ ਜਾ ਸਕਿਆ, ਨਹੀਂ ਜਾਂਦਾ, ਨਹੀਂ ਜਾ ਸਕਦਾ ਕਿਉਂਕਿ ਮਾਂ ਬੱਚੇ ਨੂੰ ਦੁੱਧ ਦੇ ਨਾਲ ਆਪਣੀਆਂ ਆਂਦਰਾਂ ਦਾ ਲਹੂ ਵੀ ਪਿਲਾਉਂਦੀ ਹੈ।

ਮਾਂ ਮਮਤਾ ਹੈ . . .
ਮਾਂ ਰੌਸ਼ਨੀ ਹੈ . . .
ਮਾਂ ਪ੍ਰੇਰਨਾ ਦਾ ਸ੍ਰੋਤ ਹੈ . . .
ਮਾਂ ਸੱਚਾ ਸਾਥ ਹੈ . . .
ਮਾਂ ਨਿਰਸਵਾਰਥ ਪਿਆਰ ਹੈ . . .
ਮਾਂ ਧਰਤੀ ਦੇ ਜੇਰੇ ਵਰਗੀ ਹੈ . . .
ਮਾਂ ਅੰਬਰ ਦੀ ਵਿਸ਼ਾਲਤਾ ਵਰਗੀ ਹੈ . . .
ਮਾਂ ਕੁਦਰਤ ਵਰਗੀ ਹੈ . . .
ਬੱਚੇ ਤੇ ਕੁਰਬਾਨ ਕਰਦੀ ਹੈ ਆਪਾ . . .
ਬਦਲੇ 'ਚ ਕੁਝ ਵੀ ਨਹੀਂ ਮੰਗਦੀ . . .
ਪਿਆਰ ਤੇ ਸਤਿਕਾਰ ਤੋਂ ਬਿਨ੍ਹਾਂ

ਦੁਨੀਆਂ ਵਿੱਚ ਸਭ ਤੋਂ ਵੱਡਾ ਰਿਸ਼ਤਾ ਮਾਂ ਦਾ ਹੁੰਦਾ ਹੈ। ਮਾਂ ਰੂਪੀ ਪਦਾਰਥ ਦੁਨੀਆਂ ਦੇ ਸਭ ਪਦਾਰਥਾਂ ਨਾਲੋਂ ਸਭ ਤੋਂ ਮਿੱਠਾ ਪਦਾਰਥ ਹੈ। ਅੰਮੜੀ, ਮਾਂ, ਬੇਬੇ ਵਰਗੇ ਸ਼ਬਦ ਜਦੋਂ ਮੂੰਹੋਂ ਨਿਕਲਦੇ ਹਨ ਤਾਂ ਪਿਆਰ ਤੇ ਸਤਿਕਾਰ ਦੀ ਮੂਰਤ ਸਾਕਾਰ ਹੋ ਜਾਂਦੀ ਹੈ। ਮਾਂ ਦੇ ਰੋਮ-ਰੋਮ ਅਤੇ ਬੋਲਾਂ ਵਿੱਚੋਂ ਮਮਤਾ . . . ਮੋਹ . . . ਮਿਠਾਸ . . . ਅਪਣੱਤ, ਨਿੱਘ ਸਾਡੀ ਰੂਹ ਨੂੰ ਸਕੂਨ, ਜਿਸਮ ਨੂੰ ਤਾਜ਼ਗੀ ਤੇ ਮਨ ਨੂੰ ਹੁਲਾਸ ਬਖ਼ਸ਼ ਤਰੋਤਾਜ਼ਾ ਕਰਦਾ ਮਹਿਸੂਸ ਹੁੰਦਾ ਹੈ। ਮਾਂ ਬਣਨਾ ਆਪਣੇ ਆਪ ਵਿੱਚ ਬਹੁਤ ਵੱਡਾ ਰੁਤਬਾ ਹੈ। ਮਾਂ ਮਹਾਨ ਹੈ . . . ਮਾਂ ਮੋਹ ਦੀ ਮੂਰਤ ਹੈ।

ਮਾਂ ਪਹਿਲਾ ਅਧਿਆਪਕ ਹੈ। ਮਾਂ ਬੱਚੇ ਨੂੰ ਨੌਂ ਮਹੀਨੇ ਪੇਟ ਵਿੱਚ ਰੱਖ ਕੇ ਢੇਰ ਦੁੱਖ ਝੱਲ ਕੇ ਸੰਸਾਰ ਪ੍ਰਵੇਸ਼ ਕਰਵਾਉਂਦੀ ਹੈ। ਅਥਾਹ ਪੀੜਾਂ, ਇਹ ਜਮਣ-ਪੀੜਾਂ ਮਾਂ ਬਣਨ ਦੇ ਮਿੱਠੇ ਅਹਿਸਾਸ ਨਾਲ ਉਹ ਹੱਸ-ਹੱਸ ਜਰ ਲੈਂਦੀ ਹੈ। ਕਿਸੇ ਵੀ ਮਰਦ ਲਈ ਮਾਂ ਦੁਆਰਾ ਕੀਤਾ ਇਹ ਕਾਰਜ ਕਦੀ ਨਾ ਉਤਾਰਿਆ ਜਾਣ ਵਾਲਾ ਕਰਜ਼ ਹੈ। ਬੱਚੇ ਦੀ ਪਰਵਰਿਸ਼ ਕਰਨ ਲਈ ਮਾਂ ਦੁਨੀਆਂ ਭਰ ਦੀਆਂ ਖ਼ੁਸ਼ੀਆਂ ਨਿਛਾਵਰ ਕਰ ਦਿੰਦੀ ਹੈ। ਆਪ ਗਿੱਲੇ ਥਾਂ ਪੈਂਦੀ ਹੈ ਤੇ ਬੱਚੇ ਨੂੰ ਸੁੱਕੇ ਥਾਂ ਪਾਉਂਦੀ ਹੈ। ਬੱਚੇ ਦੀ ਖ਼ਾਤਰ ਉਹ ਰਾਤਾਂ ਨੂੰ ਜਾਗਦੀ ਹੈ। ਇਕ ਮਾਂ ਬੱਚਿਆਂ ਲਈ ਦੁਨੀਆਂ ਵਿੱਚ ਜੋ ਕਰਦੀ ਹੈ ਉਹ ਕੋਈ ਹੋਰ ਨਹੀਂ ਕਰ ਸਕਦਾ . . . ਇਕ ਬਾਪ ਵੀ ਨਹੀਂ। ਮਰਦ ਇਕ ਬੱਚਾ ਵੀ ਨਹੀਂ ਪਾਲ ਸਕਦਾ। ਪਰ ਔਰਤ ਪੂਰੇ ਸਮਰਪਣ ਤੇ ਬਹਾਦਰੀ ਨਾਲ ਬੱਚੇ ਪਾਲਣ ਦੀ ਹਿੰਮਤ ਰੱਖਦੀ ਹੈ। ਇਹ ਮਾਂ ਦੀ ਅਣਥੱਕ ਮਿਹਨਤ ਤੇ ਕੁਰਬਾਨੀ ਦਾ ਸਬੂਤ ਹੈ।

ਫਿਰ ਵੀ ਕਈ ਅਕਿਰਤਘਣ ਲੋਕ ਮਾਵਾਂ ਨੂੰ ਪੁੱਛਦੇ ਹਨ ਕਿ "ਤੂੰ ਸਾਡੇ ਲਈ ਕੀ ਕੀਤਾ ਹੈ?" ਅਜਿਹੇ ਮੂਰਖ ਲੋਕ ਮਾਵਾਂ ਦੀ ਸ਼ਖ਼ਸੀਅਤ ਅਤੇ ਵਿਅਕਤੀਤਵ ਨੂੰ ਪਛਾਣ ਹੀ ਨਹੀਂ ਸਕੇ।

ਰੱਬ ਦਾ ਅਹਿਸਾਸ ਹੋਣ ਤੋਂ ਪਹਿਲਾਂ ਬੱਚਾ ਕਰਦਾ ਹੈ ਮਾਂ ਦਾ ਅਹਿਸਾਸ
ਉਸਦੀ ਮਮਤਾ ਦੀ ਛਾਂ ਹੇਠ ਉੱਗਦਾ,
ਪਲਦਾ ਤੇ ਜਵਾਨ ਹੁੰਦਾ . . .
ਮਾਂ ਹੀ ਪਹਿਲਾ ਅਧਿਆਪਕ ਹੈ
ਜੋ ਸਿਖਾਉਂਦੀ ਹੈ ਜ਼ਿੰਦਗੀ ਦੀ ਵਿਆਕਰਨ
ਅਣਥੱਕ ਮਿਹਨਤ ਤੇ ਹਿੰਮਤ ਦਾ ਪਾਠ
ਪੜ੍ਹਾਉਂਦੀ ਹੈ . . .
ਮਾਂ ਦਾ ਪਵਿੱਤਰ ਰਿਸ਼ਤਾ
ਮੋਹ ਦਾ ਸਮੁੰਦਰ ਹੈ,

ਅਸੀਸਾਂ ਦਾ ਅਣਮੁੱਲਾਂ ਖ਼ਜ਼ਾਨਾ,
ਮਾਂ ਸਾਡੀ ਸਿਰਜਕ ਹੈ,
ਮਾਂ ਹੀ ਸਿਖਾਉਂਦੀ ਹੈ ਮਾਂ-ਬੋਲੀ
ਮਾਂ ਹੀ ਦੱਸਦੀ ਹੈ ਮਿੱਟੀ ਨਾਲ ਵਜੂਦ ਦੀ ਕਹਾਣੀ
ਮਾਂ ਕੁਦਰਤ ਹੈ . . .
ਮਾਂ ਸੰਪੂਰਨ ਹੈ . . .
ਮਾਂ ਦਾ ਪਿਆਰ ਕਰਾਮਾਤੀ ਸ਼ਕਤੀ ਹੈ,
ਮਾਂ ਦਾ ਹਿਰਦਾ ਕੋਮਲ ਹੈ,
ਮਾਂ ਚੜ੍ਹਦੀ ਕਲਾ ਤੇ ਅਰਦਾਸ ਹੈ,
ਨਿਰਸਵਾਰਥ ਅਰਦਾਸ . . .
ਮਾਂ ਰੱਬ ਤੋਂ ਵੱਡਾ ਰੁਤਬਾ ਹੈ . . .
ਮਾਂ ਦੇ ਪੈਰਾਂ 'ਚ ਜੰਨਤ ਹੈ
ਮਾਂ ਅਥੱਕ ਹੈ
ਜੋ ਕਦੇ ਨਹੀਂ ਥੱਕਦੀ
ਬੱਚੇ ਨੂੰ ਬਜ਼ੁਰਗ ਹੋਣ ਤੱਕ ਪਾਲਦੀ-ਪਾਲਦੀ

ਪਦਾਰਥਵਾਦੀ ਯੁੱਗ ਵਿੱਚ ਔਲਾਦ ਮਾਂ ਦੀ ਸਾਰ ਵੀ ਨਹੀਂ ਲੈ ਰਹੇ। ਇੱਕ ਮਾਂ ਆਪਣੀ ਔਲਾਦ ਨੂੰ ਕਦੇ ਭਾਰ ਮਹਿਸੂਸ ਨਹੀਂ ਕਰਦੀ। ਪਰ ਪੁੱਤਰ/ਔਲਾਦ ਬਜ਼ੁਰਗ ਮਾਂ ਨੂੰ ਰੁਲਣ ਲਈ ਮਜ਼ਬੂਰ ਕਰ ਦਿੰਦੇ ਹਨ।

ਬੱਚੇ ਦੀ ਪ੍ਰਵਰਿਸ਼ ਕਰਨ, ਬੱਚੇ ਦੀ ਉਂਗਲ ਫੜ੍ਹ ਕੇ ਤੁਰਨ ਤੋਂ ਲੈ ਕੇ ਵਿਆਹੁਣ ਤੱਕ ਮਾਂ ਦਾ ਬਹੁਤ ਵੱਡਾ ਯੋਗਦਾਨ ਹੈ। ਜਿਸਨੂੰ ਭੁਲਾਇਆ ਨਹੀਂ ਜਾ ਸਕਦਾ। ਬਜ਼ੁਰਗ ਮਾਂ ਆਪਣੇ ਹੀ ਘਰ ਵਿੱਚ ਬੇਗ਼ਾਨੀ ਬਣ ਜਾਂਦੀ ਹੈ ਜੋ ਸਰਾਸਰ ਮਾਂ ਦੇ ਪਵਿੱਤਰ ਰਿਸ਼ਤੇ ਨਾਲ ਬੇਇਨਸਾਫ਼ੀ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਹਰ ਕੁੜੀ ਨੇ ਮਾਂ ਤੇ ਮੁੰਡੇ ਨੇ ਬਾਪ ਬਣਨਾ ਹੈ ਤਾਂ ਮਾਂ ਵਰਗੇ ਪਾਕ ਰਿਸ਼ਤੇ, ਮੋਹ ਦੇ ਸਮੁੰਦਰ, ਅਸੀਸਾਂ ਦੇ ਅਣਮੁੱਲੇ ਖ਼ਜ਼ਾਨੇ ਨਾਲ ਬਦਸਲੂਕੀ ਕਿਉਂ ਕੀਤੀ ਜਾ ਰਹੀ ਹੈ? ਮਾਂ ਸਾਡੀ ਸਿਰਜਕ ਹੈ, ਦੁਨੀਆਂ ਵਾਲਿਓ! ਦੁਨੀਆਂ ਵਿੱਚ ਇਸਦਾ ਕੋਈ ਬਦਲ ਨਹੀਂ ਹੈ। ਕਿਸੇ ਭੁਲੇਖੇ ਵਿੱਚ ਨਾ ਰਿਹੋ। ਮਾਵਾਂ ਨੂੰ ਸੰਭਾਲ ਲਿਆ ਤਾਂ ਉਹ ਸਾਡੀ ਅਗਲੀ ਪੀੜ੍ਹੀ ਜੋ ਅਜੇ ਦੁਨੀਆਂ ਵਿੱਚ ਨਹੀਂ ਆਈ ਨੂੰ ਸੰਭਾਲ ਕੇ ਸਾਨੂੰ ਸਰਖ਼ਰੂ ਕਰਨ ਦੀ ਹਿੰਮਤ ਰੱਖਦੀਆਂ ਹਨ। ਸਾਡੀਆਂ ਇਹ ਬਹਾਦਰ ਮਾਵਾਂ। ਸਾਡੀਆਂ ਇਹ ਮਾਵਾਂ ਕਿਸੇ ਸੂਰਮੇ ਤੇ ਬਹਾਦਰ ਯੋਧਿਆਂ ਤੋਂ ਘੱਟ ਨਹੀਂ ਹਨ। ਮਾਵਾਂ ਨੂੰ ਸੰਭਾਲ ਲਵੋ, ਬੋਝ ਮਹਿਸੂਸ ਨਾ ਕਰੋ। ਪੁੱਤਰ/ਔਲਾਦ ਕੋਈ ਵੀ ਬੁਰਾ ਵਤੀਰਾ ਕਰ ਲਵੇ ਪਰ ਇਸ ਵਤੀਰੇ ਦੇ ਬਾਵਜੂਦ ਮਾਂ ਦੇ ਵਿਸ਼ਾਲ ਹਿਰਦੇ ਵਿੱਚੋਂ ਔਲਾਦ ਲਈ ਅਸੀਸਾਂ ਹੀ ਨਿਕਲਦੀਆਂ ਹਨ। ਬੱਚਿਆਂ ਪ੍ਰਤੀ ਮਾਂ ਦੇ ਪਿਆਰ ਬਾਰੇ ਗੁਰਬਾਣੀ ਵੀ ਹਾਮੀ ਭਰਦੀ ਹੈ :

ਸੁਤੁ ਅਪਰਾਧ ਕਰਤ ਹੈ ਜੇਤੇ॥
ਜਨਨੀ ਚੀਤਸਿ ਨ ਰਾਖਸਿ ਤੇਤੇ॥

ਬੱਚੇ ਨਾਸਮਝ ਹੁੰਦੇ ਹਨ, ਪਰ ਮਾਂ ਇਤਨੀ ਦਇਆਵਾਨ ਹੁੰਦੀ ਹੈ ਕਿ ਬੱਚਿਆਂ ਵੱਲੋਂ ਕੀਤੀਆਂ ਗਈਆਂ ਗਲਤੀਆਂ ਭੁਲਾ ਦਿੰਦੀ ਹੈ। ਮਾਵਾਂ ਖ਼ੁਦ ਭੁੱਖੀਆਂ ਰਹਿ ਕੇ, ਬੱਚਿਆਂ ਨੂੰ ਰੱਜੇ ਵੇਖ ਕੇ ਖ਼ੁਸ਼ ਹੋ ਜਾਂਦੀਆਂ ਹਨ ਭਾਵੇਂ ਮਾਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਵੇ, ਕੰਮ ਵਿੱਚ ਰੁਝੀ ਹੋਵੇ, ਬਿਮਾਰੀ ਦੀ ਹਾਲਤ ਵਿੱਚ ਹੋਵੇ, ਫਿਰ ਵੀ ਬੱਚਿਆਂ ਨੂੰ ਦਿਲੋਂ ਪਿਆਰ ਕਰਦੀ ਹੈ।

ਇਕ ਮਾਂ ਆਪਣੇ ਦੁੱਖਾਂ ਨਾਲ ਉਨ੍ਹਾਂ ਨਹੀਂ ਤੜਫਦੀ ਜਿੰਨੀ ਬੱਚਿਆਂ ਦਾ ਦੁੱਖ ਦੇਖ ਕੇ ਤੜਫਦੀ ਹੈ। ਬਾਵਾ ਬਲਵੰਤ ਨੇ 'ਸੁਗੰਧ ਸਮੀਰ' ਵਿੱਚ ਲਿਖਿਆ ਹੈ :

ਨੂਰਾਂ ਤੋਂ ਵੱਧ ਕੇ ਜੋਤੀ ਹੈ ਮਾਂ ਦਾ ਇਕ ਸਹਾਰਾ।
ਅਤੀ ਭਿਆਨਕ ਇਸ ਸਾਗਰ ਵਿੱਚ ਮਾਂ ਹੈ ਇਕ ਸਹਾਰਾ।

ਜਦੋਂ ਕੋਈ ਮਨੁੱਖ ਕਿਸੇ ਅਕਹਿ ਤੇ ਅਸਹਿ ਔਕੜ, ਦੁੱਖ ਪੀੜ, ਡਰ ਤੇ ਸਹਿਮੀ ਹੋਈ ਹਾਲਤ ਵਿੱਚ ਫਸਿਆ ਹੋਵੇ ਤਾਂ ਮੌਤ ਦੇ ਮੂੰਹ ਵਿੱਚ ਹੋਵੇ ਤਾਂ ਉਸਦੇ ਮੂੰਹੋਂ "ਮਾਂ" ਸ਼ਬਦ ਨਿਕਲਦਾ ਹੈ।

ਇਹ ਮਾਂ ਦੀ ਸ਼ਖ਼ਸੀਅਤ ਦੇ ਮਹੱਤਵ ਦੀ ਸ਼ਕਤੀ ਦਾ ਪ੍ਰਤੀਕ ਹੈ। ਮਾਂ ਆਪਣੇ ਆਪ ਵਿੱਚ ਇਕ ਸੰਪੂਰਨ ਸ਼ਬਦ ਹੈ ਅਤੇ ਅਮਿੱਟ ਰਿਸ਼ਤਾ ਹੈ। ਦੁਨੀਆਂ ਦਾ ਹਰ ਰਿਸ਼ਤਾ ਸਿੱਧੇ ਜਾਂ ਅਸਿੱਧੇ ਸਵਾਰਥ ਨਾਲ ਜੁੜਿਆ ਹੋ ਸਕਦਾ ਹੈ ਜਾਂ ਇਹ ਵੀ ਹੋ ਸਕਦਾ ਹੈ ਕਿ ਦੁਨੀਆਂ ਦੇ ਹੋਰ ਕਿਸੇ ਵੀ ਰਿਸ਼ਤੇ ਦਾ ਆਧਾਰ ਸਵਾਰਥਪੁਣਾ ਹੋ ਸਕਦਾ ਹੈ। ਪਰ ਮਾਂ ਦਾ ਰਿਸ਼ਤਾ ਸਿਰਫ਼ ਤੇ ਸਿਰਫ਼ ਨਿਰਸਵਾਰਥ ਪਿਆਰ ਦਾ ਰਿਸ਼ਤਾ ਹੈ। ਅਪਣੱਤ ਅਤੇ ਮੋਹ ਭਿੱਜੀ ਰੂਹ ਦਾ ਰਿਸ਼ਤਾ ਹੈ। ਮਾਂ ਦਾ ਰਿਸ਼ਤਾ, ਚਾਵਾਂ, ਉਮੰਗਾਂ ਅਤੇ ਖ਼ੁਸ਼ੀ ਦਾ ਰਿਸ਼ਤਾ ਹੈ।

ਮਾਂ ਦੇ ਪਿਆਰ ਵਿੱਚ ਕਰਾਮਾਤੀ ਸ਼ਕਤੀ ਹੈ। ਜਿਹੜੀ ਇਨਸਾਨ ਨੂੰ ਜ਼ਿੰਦਗੀ ਵਿੱਚ ਕੁਝ ਬਣਨ ਲਈ ਪ੍ਰੇਰਿਤ ਕਰਦੀ ਹੈ। ਮਾਂ ਦੀ ਗੋਦ ਵਿੱਚ ਜੋ ਆਨੰਦ ਹੈ, ਸੁੱਖ ਹੈ, ਜੋ ਨਿੱਘ ਹੈ, ਜੋ ਬੇਫ਼ਿਕਰੀ ਹੈ, ਤੇ ਜੋ ਬੇਪਰਵਾਹੀ ਹੈ . . . ਉਹ ਦੁਨੀਆਂ ਦੇ ਕਿਸੇ ਵੀ ਸਥਾਨ ਵਿਚ ਨਹੀਂ ਹੋ ਸਕਦੀ।

ਮਾਂ ਦੀ ਗੋਦ ਵਿੱਚ ਜਿਹੜੀ ਵਫ਼ਾ ਇਨਸਾਨ ਨੂੰ ਮਿਲਦੀ ਹੈ, ਉਸਦੇ ਸਾਹਮਣੇ ਹਰ ਵਫ਼ਾ ਤੁਛ ਲੱਗਦੀ ਹੈ। ਮਾਂ ਦੀਆਂ ਅਸੀਸਾਂ ਵਿੱਚ ਦੁਨੀਆਂ ਦੇ ਹਰ ਦੁੱਖ ਨਾਲ ਟੱਕਰ ਲੈਣ ਦੀ ਤਾਕਤ ਹੁੰਦੀ ਹ। ਮਾਂ ਜਪ-ਤਪ, ਸਿਮਰਨ, ਤਿਆਗ, ਸਾਂਝੀਵਾਲਤਾ ਤੇ ਸਮਾਨਤਾ ਦਾ ਪ੍ਰਤੀਕ ਹੈ। ਉਸਦਾ /ਮਾਂ ਦਾ ਹਿਰਦਾ ਸਮੁੰਦਰ ਤੋਂ ਵੀ ਵਿਸ਼ਾਲ ਹੈ। ਉਸ ਵਿੱਚ ਮਮਤਾ ਤੇ ਪਿਆਰ ਬੇਪਰਵਾਹ ਹੈ। ਲੋਹੜਿਆਂ ਦੀ ਮਿਠਾਸ ਹੈ, ਨਿਮਰਤਾ ਤੇ ਉਸ ਹਿਰਦੇ ਵਿੱਚ ਅਮੋਲਕ ਗੁਣਾਂ ਦੇ ਕਈ ਸਮੁੰਦਰ ਹਨ। ਇਹ ਸਾਡੀ ਹੀ ਕਮੀ ਹੈ ਕਿ ਅੱਜ ਅਸੀਂ ਮਾਂ ਦੀ ਮਹਾਨਤਾ ਨੂੰ ਭੁੱਲ ਕੇ ਪਦਾਰਥਾਂ ਦੇ ਮੋਹ ਅਤੇ ਆਪਣੀ ਆਜ਼ਾਦੀ ਦੇ ਨਾਂ 'ਤੇ ਮਾਵਾਂ ਦੀ ਮਹਾਨਤਾ ਅਤੇ ਮਹੱਤਵ ਨੂੰ ਨਹੀਂ ਸਮਝ ਰਹੇ।

ਮਾਂ ਛਾਂ ਜ਼ਿੰਦਗੀ ਦੇ ਨਿਕੜੇ ਜਿਹੇ ਦਿਲ ਵਿੱਚ ਸੋਮਾ ਉਹ ਮੁਹੱਬਤਾਂ ਨਾਲ ਰੱਬ ਨੇ ਪਸਾਰਿਆ।

ਧੀਆਂ ਲਈ ਤਾਂ ਮਾਵਾਂ ਤੋਂ ਨੇੜੇ ਦਾ ਕੋਈ ਰਿਸ਼ਤਾ/ਸਾਕ ਹੀ ਨਹੀਂ। ਮਾਂ ਧੀ ਦੀ ਸਹੇਲੀ ਵੀ ਹੈ, ਹਮਰਾਜ ਵੀ ਹੈ ਤੇ ਮਾਰਗ ਦਰਸ਼ਕ ਵੀ। ਜਦੋਂ ਧੀ ਸਹੁਰੇ ਘਰ ਤੋਂ ਮਾਂ ਘਰ ਆਉਂਦੀ ਹੈ ਤਾਂ ਸਭ ਤੋਂ ਜ਼ਿਆਦਾ ਖ਼ੁਸ਼ੀ ਮਾਂ ਨੂੰ ਹੀ ਹੁੰਦੀ ਹੈ ਤੇ ਜੇ ਮਾਂ ਦੁਨੀਆਂ ਤੇ ਨਾ ਰਹੇ ਤਾਂ ਪੇਕਾ ਘਰ ਸੁੰਨਾ-ਸੁੰਨਾ ਲੱਗਦਾ ਹੈ। ਮਾਂ ਵਰਗਾ ਇਸ ਦੁਨੀਆਂ ਵਿੱਚ ਹੋਰ ਕੋਈ ਨਹੀਂ ਹੈ। ਇਕ ਬੱਚੇ ਲਈ ਦੁਨੀਆਂ ਦੀ ਸਭ ਤੋਂ ਪਿਆਰੀ ਤੇ ਖ਼ੂਬਸੂਰਤ ਔਰਤ ਉਸਦੀ ਮਾਂ ਹੀ ਹੁੰਦੀ ਹੈ। ਇਕ ਮਾਂ ਆਪਣਾ ਬਚਪਨ ਆਪਣੀ ਬੇਟੀ ਵਿੱਚ ਦੇਖਦੀ ਹੈ ਅਤੇ ਖ਼ੁਸ਼ ਹੁੰਦੀ ਹੈ। ਪੰਜਾਬੀ ਲੋਕ-ਗੀਤਾਂ ਵਿੱਚ ਮਾਵਾਂ-ਧੀਆਂ ਦਰਮਿਆਨ ਲੰਮੀਆਂ/ਗੂੜ੍ਹੀਆਂ ਗੱਲਾਂ ਚੱਲਦੀਆਂ ਹਨ :

ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ
ਕੋਈ ਟੁੱਟਦੀ ਏ ਕਹਿਰਾਂ ਦੇ ਨਾਲ
ਕਣਕਾਂ ਨਿਸਰੀਆਂ, ਧੀਆਂ ਕਿਉਂ ਵਿਸਰੀਆਂ, ਮਾਏ . . .

ਮਾਂ-ਧੀ ਦੇ ਰਿਸ਼ਤੇ ਨਾਲੋਂ ਵਧੇਰੇ ਆਪਣੇਪਣ ਦਾ ਅਹਿਸਾਸ ਨੇੜਤਾ ਤੇ ਨਿੱਘ ਹੋਰ ਕਿਸੇ ਰਿਸ਼ਤੇ ਵਿੱਚ ਨਹੀਂ ਹੁੰਦਾ ਹੈ। ਮਾਂ ਆਪਣੀ ਧੀ ਲਈ ਰੱਖਿਆ ਪਦਾਤੀ ਹੁੰਦੀ ਹੈ। ਧੀ ਨੂੰ ਉਹ ਨੈਤਿਕ ਤੇ ਸਮਾਜਿਕ ਸਿੱਖਿਆ ਪ੍ਰਦਾਨ ਕਰਦੀ ਹੈ। ਪੰਜਾਬੀ ਲੋਕ ਗੀਤਾਂ ਵਿੱਚ ਮਾਵਾਂ-ਧੀਆਂ ਆਪਣੇ ਦੁੱਖ-ਸੁੱਖ ਫਰੋਲਦੀਆਂ ਹਨ :

ਕਾਲੇ ਖੰਭ ਨੇ ਕਾਵਾਂ ਦੇ
ਧੀਆਂ ਪ੍ਰਦੇਸ਼ ਗਈਆਂ
ਧੰਨ ਜਿਗਰੇ ਨੇ ਮਾਵਾਂ ਦੇ . . .
ਮਾਵਾਂ ਧੀਆਂ ਮਿਲਣ ਲੱਗੀਆਂ
ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹਿੱਲੀਆਂ . . .

ਮਾਂ ਬਹੁਤ ਭਾਵੁਕ, ਸੰਵੇਦਨਸ਼ੀਲ ਤੇ ਨਾਜ਼ੁਕ ਤਬੀਅਤ ਦੀ ਮਾਲਕ ਹੈ। ਮਾਂ-ਪੁੱਤ ਦੇ ਪਿਆਰ, ਮਾਵਾਂ-ਧੀਆਂ ਦੀ ਦੋਸਤੀ, ਅੰਮੜੀ ਦੀਆਂ ਝਿੜਕਾਂ ਇਹ ਗੱਲਾਂ ਜਗਤ ਪ੍ਰਸਿੱਧ ਹਨ।

ਮਾਂ ਉਹ ਘਣਛਾਵਾਂ ਬੂਟਾ ਹੈ, ਜਿਸਦੀ ਠੰਡੀ ਛਾਵੇਂ ਬੈਠ ਕੇ ਆਨੰਦ ਹੀ ਆਨੰਦ ਪ੍ਰਾਪਤ ਹੁੰਦਾ ਹੈ। ਮਾਂ ਜੀਵਨ ਦੀ ਧਰੋਹਰ ਵੀ ਹੈ ਤੇ ਪਾਲਕ ਵੀ। ਮਾਂ ਮਮਤਾ ਦੀ ਸੱਚੀ ਮੂਰਤ ਤੇ ਬੇਗਰਜ਼, ਸੁੱਚੇ ਪਿਆਰ ਦੀ ਇਸ ਸੰਸਾਰ ਅੰਦਰ ਇਕੋ ਇਕ ਉਦਾਹਰਨ ਹੈ। ਪੰਜਾਬੀ ਦਾ ਪ੍ਰਸਿੱਧ ਵਾਰਤਕ ਲਿਖਾਰੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਕਹਿੰਦੇ ਹਨ :

"ਮਨੁੱਖ ਆਪਣੀ ਮਾਂ ਦੇ ਬਰਾਬਰ ਨਾ ਕਿਸੇ ਰੱਬ ਤੇ ਨਾ ਹੀ ਕਿਸੇ ਹੋਰ ਨੂੰ ਸੋਚ ਸਕਦਾ ਹੈ ਕਿਉਂਕਿ ਉਹ ਆਪਣੀ ਮਾਂ ਦਾ ਨਿਰਾ ਦੁੱਧ ਹੀ ਨਹੀਂ ਪੀਂਦਾ ਬਲਕਿ ਉਹਦੇ ਦਿਲ ਅਤੇ ਲਹੂ ਨੂੰ ਵੀ ਕਈ ਤਰੀਕਿਆਂ ਨਾਲ ਆਪਣੀ ਜਾਨ ਦਾ ਹਿੱਸਾ ਬਣਾਉਂਦਾ ਹੈ।"

ਸੰਸਕ੍ਰਿਤ ਲਿਖਾਰੀ **ਮੁਨਸ਼ੀ ਪ੍ਰੇਮਚੰਦ** ਕਹਿੰਦੇ ਹਨ :

"ਮਾਂ ਦੀ ਕੁਰਬਾਨੀ ਦਾ ਮੁੱਲ ਕੋਈ ਵੀ ਪੁੱਤਰ ਨਹੀਂ ਤਾਰ ਸਕਦਾ ਬੇਸ਼ੱਕ ਉਹ ਸਾਰੀ ਧਰਤੀ ਦਾ ਮਾਲਕ ਹੀ ਕਿਉਂ ਨਾ ਹੋਵੇ।"

ਮਾਂ ਦੀ ਮਹਿਮਾ ਵਿੱਚ ਸੰਸਾਰ ਸੇਤੂ **ਨੈਪੋਲੀਅਨ ਬੋਨਾਪਾਰਟ** ਕਹਿੰਦਾ ਹੈ :

"ਤੁਸੀਂ ਮੈਨੂੰ ਚੰਗੀਆਂ ਮਾਵਾਂ ਦਿਓ ਤੇ ਮੈਂ ਤੁਹਾਨੂੰ ਚੰਗੀ ਕੌਮ ਦੇਵਾਂਗਾ।"

**ਭਗਵਾਨ ਵਾਲਮੀਕ** ਅਨੁਸਾਰ,

"ਮਾਂ ਦਾ ਦਰਜਾ ਸਵਰਗ ਤੋਂ ਵੀ ਉੱਚਾ ਹੈ।"

**ਮਹਾਂਰਿਸ਼ੀ ਵੇਦ ਵਿਆਸ** ਅਨੁਸਾਰ,

"ਮਾਂ ਤੋਂ ਵੱਡਾ ਇਸ ਸੰਸਾਰ ਵਿੱਚ ਕੋਈ ਵੀ ਗੁਰੂ ਨਹੀਂ।"

**ਪੈਗ਼ੰਬਰ ਹਜ਼ਰਤ ਮੁਹੰਮਦ ਅਨੁਸਾਰ,**

" ਮਾਂ ਉਹ ਰਿਸ਼ਤਾ ਹੈ ਜਿਸਦੇ ਕਦਮਾਂ ਵਿੱਚ ਜੰਨਤ ਹੈ।"

**ਨੀਤੀ ਸ਼ਾਸਤਰੀ ਚਾਣਕਿਆ** ਅਨੁਸਾਰ,

"ਮਾਂ ਤੋਂ ਵੱਡਾ ਕੋਈ ਵੀ ਦੇਵਤਾ ਨਹੀਂ।"

ਲੋਕ-ਗੀਤਾਂ ਵਿੱਚ ਮਾਂ ਰੱਬ ਵੀ ਹੈ ਅਤੇ ਬੋਹੜ ਦੀ ਠੰਡੀ ਛਾਂ ਵੀ। ਇਹ ਰਿਸ਼ਤਿਆਂ ਦਾ ਧੁਰਾ ਵੀ ਹੈ ਅਤੇ ਸੰਸਾਰ ਦੀ ਜਨਮਦਾਤੀ ਤੇ ਪਾਲਕ ਵੀ। ਮਾਂ ਦੀ ਗੋਦ ਦਾ ਨਿੱਘ ਇਲਾਹੀ ਆਨੰਦ ਹੁੰਦਾ ਹੈ। ਜਿੰਨਾ ਚਿਰ ਮਾਂ ਦਾ ਆਸ਼ੀਰਵਾਦ ਪ੍ਰਾਪਤ ਹੈ, ਜ਼ਿੰਦਗੀ ਫੁੱਲ਼ਾਂ ਦੀ ਸੇਜ਼ ਲੱਗਦੀ ਹੈ, ਪਰ ਜਦੋਂ ਮਾਂ ਦਾ ਹੱਥ ਸਿਰ ਤੋਂ ਉੱਠ ਜਾਂਦਾ ਹੈ ਤਾਂ ਜ਼ਿੰਦਗੀ ਜ਼ਿੰਮੇਵਾਰੀਆਂ ਦੀ ਪੰਡ ਬਣ ਜਾਂਦੀ ਹੈ ਤੇ ਕਈ ਵਾਰ ਤਾਂ ਸੂਲਾਂ ਦੀ ਸੇਜ ਵੀ ਹੋ ਨਿਬੜਦੀ ਹੈ।

ਮਨੁੱਖ ਨੂੰ ਆਪਣੇ ਜੀਵਨ ਵਿੱਚ ਤਿੰਨ ਮਾਵਾਂ ਦਾ ਹਮੇਸ਼ਾਂ ਹੀ ਸਤਿਕਾਰ ਕਰਨਾ ਚਾਹੀਦਾ ਹੈ। ਮਾਂ-ਮਮਤਾ, ਧਰਤੀ ਮਾਂ ਅਤੇ ਮਾਂ-ਬੋਲੀ। ਜੋ ਕੌਮਾਂ ਇਹਨਾਂ ਤਿੰਨਾਂ ਮਾਵਾਂ ਦਾ ਸਤਿਕਾਰ ਕਰਦੀਆਂ ਹਨ, ਉਹ ਹਮੇਸ਼ਾ ਵਧਦੀਆਂ-ਫੁੱਲਦੀਆਂ ਰਹਿੰਦੀਆਂ ਹਨ ਤੇ ਉਹਨਾਂ ਦੀ ਹੋਂਦ ਹਮੇਸ਼ਾਂ ਬਰਕਰਾਰ ਰਹਿੰਦੀ ਹੈ।

ਇਹ ਇਕ ਵੱਡਾ ਸੱਚ ਹੈ ਕਿ ਸੰਸਾਰ ਦੇ ਸਫ਼ਲ ਮਨੁੱਖਾਂ ਦੀ ਸਫ਼ਲਤਾ ਪਿੱਛੇ ਉਹਨਾਂ ਦੀਆਂ ਮਾਵਾਂ ਦਾ ਹੱਥ ਰਿਹਾ ਹੈ। ਮਿਸਾਲ ਵਜੋਂ ਬਾਬਾ ਫ਼ਰੀਦ ਦੀ ਮਾਤਾ ਫਾਤਿਮਾ ਧਰੂ ਭਗਤ ਦੀ ਮਾਤਾ ਸੁਨੀਤਾ ਅਤੇ ਭਗਤ ਕਬੀਰ ਦੀ ਮਾਤਾ ਨੀਸਾ ਆਦਿ ਨੇ ਆਪਣੇ ਬੱਚਿਆਂ ਵਿੱਚ ਕੁਦਰਤ ਦੀ ਮਹਿਮਾ ਦਾ ਅਜਿਹਾ ਸੰਚਾਰ ਕੀਤਾ ਕਿ ਉਹ ਜਗਤ ਪ੍ਰਸਿੱਧ ਵੀ ਹੋਏ ਤੇ ਅਮਰ ਵੀ।

ਮਾਤਾ ਗੁਜਰੀ ਜੀ ਨੇ ਬੱਚਿਆਂ ਨੂੰ ਧਰਮ ਦੇ ਇਤਿਹਾਸਕ ਪਿਛੋਕੜ ਸੰਬੰਧੀ ਭਰਪੂਰ ਜਾਣਕਾਰੀ ਦੇ ਕੇ ਬਚਪਨ ਤੋਂ ਹੀ ਸਾਹਿਬਜ਼ਾਦਿਆਂ ਦੇ ਮਨਾਂ ਵਿੱਚ ਜੋ ਜ਼ਜਬਾ ਭਰਿਆ, ਉਹ ਸਭ ਮਾਵਾਂ ਲਈ ਇਕ ਮਿਸਾਲ ਹੈ।

ਪੰਜਾਬੀ ਕਵੀ **ਪ੍ਰੋ. ਮੋਹਨ ਸਿੰਘ** ਦੀ ਕਵਿਤਾ ਦੇ ਬੋਲ ਹਨ :

ਮਾਂ ਵਰਗਾ ਘਣਛਾਵਾਂ ਬੂਟਾ ਕਿਧਰੇ ਨਜ਼ਰ ਨਾ ਆਏ
ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ

**ਭਗਤ ਪੂਰਨ ਸਿੰਘ** ਕਹਿੰਦੇ ਹਨ :

"ਮੇਰੀ ਮਾਂ ਇਕ ਕਲਾਕਾਰ ਸੀ ਜਿਸ ਨੇ ਮੇਰੀ ਸ਼ਖ਼ਸੀਅਤ ਨੂੰ ਪਿਆਰ ਤੇ ਸ਼ਰਧਾ ਨਾਲ ਘੜਿਆ ਅਤੇ ਸਵਾਰਿਆ।"

ਪ੍ਰਸਿੱਧ ਅੰਗਰੇਜ਼ ਵਿਦਵਾਨ **ਅਮਰਸਨ** ਆਪਣੀ ਪੁਸਤਕ **The Conduct of Life** ਵਿੱਚ ਲਿਖਦੇ ਹਨ :

"ਮਨੁੱਖ ਉਹੀ ਕੁਝ ਹੁੰਦੇ ਹਨ ਜੋ ਉਹਨਾਂ ਦੀਆਂ ਮਾਵਾਂ ਉਹਨਾਂ ਨੂੰ ਬਣਾਉਂਦੀਆਂ ਹਨ।"

ਮਾਂ ਧੰਨ ਹੈ, ਉਸਦਾ ਰੁਤਬਾ ਮਹਾਨ ਹੈ, ਉਸਦੇ ਆਸ਼ੀਰਵਾਦ ਨਾਲ ਹੀ ਇਹ ਜਗਤ ਮਹਾਨ ਹੈ। ਇਸ ਜਗਤ ਦੇ ਸਮੁੱਚੇ ਰਿਸ਼ਤਿਆਂ ਦੀ ਮਾਂ ਹੀ ਸ਼ਾਨ ਹੈ। ਸੰਸਾਰ ਦਾ ਹਰ ਜੀਵ ਆਪਣੀ ਮਾਂ ਦੇ ਅਹਿਸਾਨ ਦਾ ਜਨਮ ਜਨਮਾਂਤਰਾਂ ਵਾਸਤੇ ਕਰਜ਼ਦਾਰ ਹੈ। ਮਾਂ ਦਾ ਮਨੁੱਖੀ ਜੀਵਨ ਤੇ ਵੱਡਾ ਪਰਉਪਕਾਰ ਹੈ।

ਮਾਵਾਂ ਦਾ ਸਤਿਕਾਰ ਕਰੀਏ, ਪਿਆਰ ਕਰੀਏ। ਇਕ ਵਾਰੀ ਆਪਣਾ ਬਚਪਨ ਯਾਦ ਕਰ ਦੇਖੀਏ, ਕਿਵੇਂ ਚੱਲਣਾ ਸਿੱਖੇ, ਬੋਲਣਾ ਸਿੱਖੇ, ਲਿਖਣਾ ਸਿੱਖੇ। ਜਦ ਅਸੀਂ ਬੱਚੇ ਸੀ ਤਾਂ ਸਾਨੂੰ ਹਰ ਵਕਤ ਮਾਂ ਦੀ ਜ਼ਰੂਰਤ ਸੀ ਤੇ ਅੱਜ ਬਜ਼ੁਰਗ ਮਾਵਾਂ ਨੂੰ ਸਾਡੀ ਲੋੜ ਹੈ। ਮਾਂ ਦੇ ਪਿਆਰ ਦੀ ਕੀਮਤ ਕਿਸੇ ਯਤੀਮ ਬੱਚੇ ਨੂੰ ਪੁੱਛ ਕੇ ਦੇਖੋ ਜਿਹੜਾ "ਮਾਂ" ਲਫ਼ਜ਼ ਕਹਿਣ ਲਈ ਤਰਸਿਆ ਹੁੰਦਾ ਹੈ।

ਅਜੋਕੇ ਯੁੱਗ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਅਸੀਂ ਮਾਵਾਂ ਦੀਆਂ ਅਸੀਸਾਂ ਤੋਂ ਵਾਂਝੇ ਹੋ ਗਏ ਹਾਂ।

ਮੁਕਦੀ ਗੱਲ ਮਾਵਾਂ ਲਈ ਸਮਾਂ ਕੱਢ ਕੇ, ਉਹਨਾਂ ਕੋਲ ਬੈਠ ਢੇਰ ਸਾਰੀਆਂ ਦੁਆਵਾਂ ਪ੍ਰਾਪਤ ਕਰਨ ਨਾਲ ਸਾਡਾ ਜਿਊਣਾ ਧੰਨ ਹੋ ਜਾਏਗਾ।

ਵੇਖਿਆ ਨਹੀਂ ਹੈ ਤੈਨੂੰ
ਸਾਹਮਣੇ ਖਲੋ ਕੇ ਰੱਬਾ
ਪਰ ਹੋਵੇਗਾ ਜ਼ਰੂਰ ਤੂੰ
ਮੇਰੀ ਮਾਂ ਵਰਗਾ।

## ਹਵਾਲੇ ਅਤੇ ਟਿੱਪਣੀਆਂ


**1.** **ਸ੍ਰੀ ਗੁਰੂ ਗ੍ਰੰਥ ਸਾਹਿਬ,** ਪੰਨਾ 478.

**2.** Punjabi-Kavita.com